BRITISH COLUMBIA | HealthLinkBC

Punjabi - Number 124a
October 2023

# ਕੋਵਿਡ-19 mRNA ਵੈਕਸੀਨਾਂ

## COVID-19 mRNA Vaccines

ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

### ਕੋਵਿਡ-19 mRNA ਵੈਕਸੀਨਾਂ ਕੀ ਹਨ?

ਕੋਵਿਡ–19 mRNA ਵੈਕਸੀਨਾਂ (ਮੋਡਰਨਾ ਅਤੇ ਫਾਈਜ਼ਰ–ਬਿਓਨਟੈਕ) ਸਵੀਅਰ ਐਕਿਊਟ ਰੇਸਪੀਰੇਟਰੀ ਸਿੰਡਰੋਮ ਕੋਰੋਨਾਵਾਇਰਸ 2 (severe acute respiratory syndrome coronavirus 2 (SARS-CoV-2)) ਜੋ ਕੋਵਿਡ-19 ਦਾ ਕਾਰਨ ਬਣਦਾ ਹੈ, ਤੋਂ ਵਿਗਾੜ ਵਿਰੁੱਧ ਰੱਖਿਆ ਕਰਦੀਆਂ ਹਨ। ਵੈਕਸੀਨਾਂ ਕਰਕੇ ਤੁਹਾਡਾ ਸਰੀਰ ਐਂਟੀਬਾਡੀਆਂ ਉਤਪੰਨ ਕਰਦਾ ਹੈ ਜਿਹੜੀਆਂ ਤੁਹਾਨੂੰ ਬਿਮਾਰ ਹੋਣ ਤੋਂ ਰੋਕਣਗੀਆਂ ਜੇ ਤੁਹਾਡਾ ਸੰਪਰਕ ਵਾਇਰਸ ਦੇ ਨਾਲ ਹੋ ਜਾਂਦਾ ਹੈ। ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

### ਵੈਕਸੀਨਾਂ ਕਿਸ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ?

ਵੈਕਸੀਨਾਂ ਦੀ 6 ਮਹੀਨੇ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਸਿਫਾਰਸ਼ ਕੀਤੀ ਜਾਂਦੀ ਹੈ। ਵੈਕਸੀਨਾਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਲਈ ਮਹੱਤਵਪੂਰਨ ਹਨ ਜਿਨ੍ਹਾਂ ਨੂੰ ਲਾਗ ਜਾਂ ਗੰਭੀਰ ਬਿਮਾਰੀ ਦਾ ਵਧਿਆ ਹੋਇਆ ਜੋਖਮ ਹੈ, ਜਿਸ ਵਿੱਚ ਸ਼ਾਮਲ ਹਨ:

- 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕ
- ਲੌਂਗ ਟਰਮ–ਕੇਅਰ ਫੈਸਿਲਟੀਆਂ ਦੇ ਨਿਵਾਸੀ
- ਅੰਡਰਲਾਈਂਗ ਮੈਡੀਕਲ ਸਥਿਤੀਆਂ ਵਾਲੇ ਲੋਕ
- ਗਰਭਵਤੀ ਲੋਕ
- ਸਿਹਤ ਸੰਭਾਲ ਕਰਮਚਾਰੀ
- ਪਹਿਲੇ ਜਵਾਬ ਦੇਣ ਵਾਲੇ (ਪੁਲਿਸ, ਫਾਇਰਫਾਈਟਰਜ਼, ਐਂਬੂਲੈਂਸ ਅਟੈਂਡੈਂਟ)

ਬਸਤੀਵਾਦ ਦੇ ਨਤੀਜੇ ਵਜੋਂ ਸਿਹਤ ਅਸਮਾਨਤਾਵਾਂ ਦੇ ਕਾਰਨ ਇੰਡਿਜਿਨਸ ਲੋਕ ਕੋਵਿਡ-19 ਤੋਂ ਗੰਭੀਰ ਬਿਮਾਰੀ ਦੇ ਵਧੇ ਹੋਏ ਜੋਖਮ 'ਤੇ ਹੋ ਸਕਦੇ ਹਨ।

ਵੈਕਸੀਨ ਲਈ ਰਜਿਸਟਰ ਕਰਨ ਦੇ ਤਰੀਕੇ ਸਮੇਤ ਹੋਰ ਜਾਣਕਾਰੀ, ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਵੈੱਬਸਾਈਟ 'ਤੇ ਮਿਲ ਸਕਦੀ ਹੈ: www2.gov.bc.ca/gov/content/covid-19/translation/pun/register.

ਜੇ ਤੁਹਾਨੂੰ ਕੋਵਿਡ-19 ਹੋਇਆ ਸੀ, ਜਾਂ ਹੋਇਆ ਹੋ ਸਕਦਾ ਹੈ, ਤਾਂ ਤੁਹਾਨੂੰ ਅਜੇ ਵੀ ਵੈਕਸੀਨ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਸੰਭਵ ਹੈ ਕਿ ਤੁਸੀਂ ਕੋਵਿਡ-19 ਦਾ ਕਾਰਨ ਬਣਨ ਵਾਲੇ ਵਾਇਰਸ ਪ੍ਰਤੀ ਇਮਿਊਨ ਨਾ ਹੋਵੋ ਅਤੇ ਦੋਬਾਰਾ ਵਿਗਾੜਗ੍ਰਸਤ ਅਤੇ ਬਿਮਾਰ ਹੋ ਸਕਦੇ ਹੋ।

### ਵੈਕਸੀਨਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ?

ਵੈਕਸੀਨਾਂ ਟੀਕੇ ਦੁਆਰਾ ਦਿੱਤੀਆਂ ਜਾਂਦੀਆਂ ਹਨ। 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ 1 ਖੁਰਾਕ ਲੈਣੀ ਚਾਹੀਦੀ ਹੈ। 6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚੇ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਟੀਕਾਕਰਨ ਇਤਿਹਾਸ ਦੇ ਆਧਾਰ 'ਤੇ 1 ਤੋਂ ਵੱਧ ਖੁਰਾਕਾਂ ਦੀ ਲੋੜ ਹੋ ਸਕਦੀ ਹੈ।

ਵੈਕਸੀਨ ਦੀਆਂ ਸਾਰੀਆਂ ਸਿਫ਼ਾਰਸ਼ ਕੀਤੀਆਂ ਖੁਰਾਕਾਂ ਨੂੰ ਪ੍ਰਾਪਤ ਕਰਨਾ ਕੋਵਿਡ-19 ਦੇ ਵਿਰੁੱਧ ਤੁਹਾਡੀ ਸਭ ਤੋਂ ਵਧੀਆ ਸੁਰੱਖਿਆ ਹੈ।

ਤੁਹਾਡੇ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### ਵੈਕਸੀਨਾਂ ਦੇ ਕੀ ਲਾਭ ਹਨ?

ਟੀਕਾਕਰਨ ਕੋਵਿਡ–19, ਜਿਹੜੀ ਇੱਕ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬਿਮਾਰੀ ਹੈ, ਵਿਰੁੱਧ ਤੁਹਾਡੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹਨ। ਵੈਕਸੀਨਾਂ ਗੰਭੀਰ ਕੋਵਿਡ-19 ਬਿਮਾਰੀ ਦੇ ਵਿਰੁੱਧ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦੀਆਂ ਹਨ, ਜਿਸ ਵਿੱਚ ਹਸਪਤਾਲ ਵਿੱਚ ਭਰਤੀ ਹੋਣਾ ਅਤੇ ਮੌਤ ਵੀ ਸ਼ਾਮਲ ਹੈ। ਕੋਵਿਡ-19 mRNA ਵੈਕਸੀਨਾਂ ਕੈਨੇਡਾ ਵਿੱਚ ਵਰਤੋਂ ਲਈ ਪ੍ਰਵਾਨਿਤ ਹੋਰ ਕੋਵਿਡ-19 ਵੈਕਸੀਨਾਂ ਨਾਲੋਂ ਲਾਗ ਦੇ ਵਿਰੁੱਧ ਬਿਹਤਰ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਜਦੋਂ ਤੁਸੀਂ ਟੀਕਾਕਰਨ ਕਰਵਾਉਂਦੇ ਹੋ, ਤਾਂ

ਤੁਸੀਂ ਦੂਜਿਆਂ ਦੀ ਸੁਰੱਖਿਆ ਵਿੱਚ ਵੀ ਮਦਦ ਕਰਦੇ ਹੋ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਵੈਕਸੀਨ ਲੈਣ ਵਿੱਚ ਅਸਮਰੱਥ ਹਨ।

## ਵੈਕਸੀਨਾਂ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹਨ। ਵੈਕਸੀਨ ਪ੍ਰਾਪਤ ਕਰਨਾ ਕੋਵਿਡ-19 ਨਾਲ ਗ੍ਰਸਤ ਹੋਣ ਤੋਂ ਕਿਧਰੇ ਵੱਧ ਸੁਰੱਖਿਅਤ ਹੈ। ਵੈਕਸੀਨਾਂ ਜ਼ਿੰਦਾ ਵਾਇਰਸ ਵਾਲੀਆਂ ਵੈਕਸੀਨਾਂ ਨਹੀਂ ਹਨ ਅਤੇ ਤੁਹਾਨੂੰ ਕੋਵਿਡ-19 ਨਹੀਂ ਦੇ ਸਕਦੀਆਂ। ਵੈਕਸੀਨਾਂ ਪ੍ਰਤੀ ਆਮ ਪ੍ਰਤੀਕਿਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਜਗ੍ਹਾ ਤੇ ਜਲਨ, ਲਾਲੀ, ਸੋਜ ਅਤੇ ਖਾਰਸ਼ ਸ਼ਾਮਲ ਹੋ ਸਕਦੀਆਂ ਹਨ। ਕਈ ਲੋਕਾਂ ਲਈ, ਇਹ ਪ੍ਰਤੀਕਿਰਿਆਵਾਂ ਵੈਕਸੀਨ ਪ੍ਰਾਪਤ ਕਰਨ ਤੋਂ 8 ਜਾਂ ਉਸ ਤੋਂ ਵੱਧ ਦਿਨਾਂ ਤੋਂ ਬਾਅਦ ਦਿਖਾਈ ਦੇ ਸਕਦੀਆਂ ਹਨ। ਦੂਸਰੀਆਂ ਪ੍ਰਤੀਕਿਰਿਆਵਾਂ ਵਿੱਚ ਥਕੇਵਾਂ, ਸਿਰਦਰਦ, ਬੁਖਾਰ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ, ਕੱਛ ਦੇ ਹੇਠਾਂ ਸੁੱਜੇ ਹੋਏ ਲਿੰਫ ਨੋਡ (lymph nodes), ਮਤਲੀ ਅਤੇ ਉਲਟੀਆਂ ਸ਼ਾਮਲ ਹੋ ਸਕਦੀਆਂ ਹਨ। ਇਹ ਪ੍ਰਤੀਕਿਰਿਆਵਾਂ ਹਲਕੀਆਂ ਹਨ ਅਤੇ ਆਮਤੌਰ ਤੇ 1 ਤੋਂ 2 ਦਿਨ ਲਈ ਰਹਿੰਦੀਆਂ ਹਨ। ਜੇ ਤੁਹਾਨੂੰ ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਤੁਹਾਡੇ ਦੁਆਰਾ ਵਿਕਸਤ ਕੀਤੇ ਗਏ ਕੋਈ ਵੀ ਲੱਛਣਾਂ ਬਾਰੇ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜਾਂ ਸਲਾਹ ਵਾਸਤੇ **8-1-1** ਨੂੰ ਫੋਨ ਕਰੋ।

ਕੋਵਿਡ-19 mRNA ਵੈਕਸੀਨਾਂ ਪ੍ਰਾਪਤ ਕਰਨ ਤੋਂ ਬਾਅਦ ਦਿਲ ਦੀ ਸੋਜ (ਮੇਓਕਾਰਡਾਈਟਿਸ (myocarditis) ਅਤੇ ਪੈਰੀਕਾਰਡਾਈਟਿਸ (pericarditis)) ਦੇ ਵਿਰਲੇ ਕੇਸ ਰਿਪੋਰਟ ਕੀਤੇ ਗਏ ਹਨ। ਇਹਨਾਂ ਨੂੰ ਅਕਸਰ ਤਾਂ ਦੇਖਿਆ ਗਿਆ:

- ਜਦੋਂ ਵੈਕਸੀਨ ਦੀ ਦੂਜੀ ਖੁਰਾਕ ਤੋਂ ਬਾਅਦ ਖੁਰਾਕਾਂ ਵਿਚਕਾਰ ਸਮਾਂ 8 ਹਫ਼ਤਿਆਂ ਤੋਂ ਘੱਟ ਸੀ
- 12-29 ਸਾਲ ਦੀ ਉਮਰ ਦੇ ਮਰਦਾਂ ਵਿੱਚ
- ਮੌਡਰਨਾ ਵੈਕਸੀਨ ਦੀ ਵੱਧ ਖ਼ੁਰਾਕ ਵਿੱਚ

ਅਸੀਟਾਮੇਨੋਫੇਨ (Acetaminophen) (ਉਦਹਾਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ(ASA) (ਉਦਹਾਰਣ ਲਈ ਐਸਪਰੀਨ (Aspirin®)) ਰੇਏ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫੀਲੈਕਸਿਸ ਨਾਮਕ ਜਾਨਲੇਵਾ ਐਲਰਜੀ ਪ੍ਰਤੀਕ੍ਰਿਆ ਹੋਣ ਦੀ ਇੱਕ ਬਹੁਤ ਹੀ ਵਿਰਲੀ ਸੰਭਾਵਨਾ ਹੁੰਦੀ ਹੈ। ਅਜਿਹਾ ਇੱਕ ਮਿਲੀਅਨ ਵਿੱਚੋਂ 1 ਤੋਂ ਘੱਟ ਲੋਕਾਂ ਵਿੱਚ ਹੁੰਦਾ ਹੈ ਜੋ ਵੈਕਸੀਨ ਲਗਵਾਉਂਦੇ ਹਨ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ ਸ਼ਾਮਲ ਹੈ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਆਪਣੇ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਹਮੇਸ਼ਾ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਦੱਸੋ।

ਕੋਵਿਡ-19 mRNA ਵੈਕਸੀਨ ਲੈਣ ਤੋਂ ਬਾਅਦ, ਤੁਹਾਡੇ ਨਾਲ ਵੈਕਸੀਨ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਵਾਲੇ ਅਧਿਐਨ ਵਿੱਚ ਹਿੱਸਾ ਲੈਣ ਲਈ ਸੰਪਰਕ ਕੀਤਾ ਜਾ ਸਕਦਾ ਹੈ। ਅਧਿਐਨ ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ https://canvas-network.ca 'ਤੇ ਜਾਓ।

## ਵੈਕਸੀਨ ਕਿਸ ਨੂੰ ਨਹੀਂ ਲੈਣੀ ਚਾਹੀਦੀ?

ਤੁਹਾਨੂੰ ਵੈਕਸੀਨ ਨਹੀਂ ਲੈਣੀ ਚਾਹੀਦੀ ਜੇ ਤੁਹਾਨੂੰ ਪੌਲੀਐਥੀਲੀਨ ਗਲਾਇਕੋਲ (PEG) ਪ੍ਰਤੀ ਗੰਭੀਰ ਐਲਰਜੀ (ਐਨਾਫਲਾਕਸਿਸ) ਹੈ। PEG ਸ਼ਿੰਗਾਰ ਦੀਆਂ ਕੁਝ ਵਸਤੂਆਂ, ਚਮੜੀ ਦੀ ਦੇਖਭਾਲ ਦੇ ਉਤਪਾਦਾਂ, ਲੈਗਜ਼ੇਟਿਵਜ਼, ਖੰਘ ਦੇ ਸਿਰਪਾਂ ਅਤੇ ਬਾਉਲ ਨੂੰ ਕੋਲੋਨੋਸਕੋਪੀ ਵਾਸਤੇ ਤਿਆਰ ਕਰਨ ਵਾਲੇ ਉਤਪਾਦਾਂ ਵਿੱਚ ਪਾਈ ਜਾ ਸਕਦੀ ਹੈ। PEG ਕਈ ਪ੍ਰੌਸੈਸ ਕੀਤੇ ਗਏ ਭੋਜਨਾਂ ਅਤੇ ਪੇਅ ਪਦਾਰਥਾਂ ਵਿੱਚ ਵੀ ਸ਼ਾਮਲ ਹੋ ਸਕਦੀ ਹੈ ਪਰ ਭੋਜਨਾਂ ਅਤੇ ਪੇਅ ਪਦਾਰਥਾਂ ਵਿੱਚ PEG ਪ੍ਰਤੀ ਐਨਾਫਲਾਕਸਿਸ ਦੇ ਕੋਈ ਵੀ ਕੇਸਾਂ ਦੀ ਰਿਪੋਰਟ ਨਹੀਂ ਕੀਤੀ ਗਈ ਹੈ

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇਕਰ ਤੁਹਾਨੂੰ ਕੋਵਿਡ -19 ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ

ਐਨਾਫ਼ਿਲੈਕਸਿਸ ਹੋਇਆ ਸੀ ਜਾਂ ਜੇ ਤੁਹਾਨੂੰ ਕਿਸੇ ਅਗਿਆਤ ਕਾਰਨ ਨਾਲ ਐਨਾਫ਼ਿਲੈਕਸਿਸ ਹੋਇਆ ਹੈ।

## ਕੀ ਵੈਕਸੀਨ ਪ੍ਰਾਪਤ ਕਰਨ ਨਾਲ ਸੰਬੰਧਤ ਵਿਚਾਰ ਕਰਨ ਵਾਲੀਆਂ ਹੋਰ ਚੀਜ਼ਾਂ ਹਨ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜੇ:

- ਤੁਹਾਡੀ ਕੋਵਿਡ-19 ਵੈਕਸੀਨ ਦੀ ਪਹਿਲੀ ਖ਼ੁਰਾਕ ਤੋਂ ਬਾਅਦ, ਕਿਸੇ ਹੋਰ ਕਾਰਨ ਦੀ ਪਛਾਣ ਕੀਤੇ ਜਾਣ ਤੋਂ ਬਿਨਾਂ, ਡਾਕਟਰ ਦੁਆਰਾ ਦਿਲ ਦੀ ਸੋਜ (ਮੇਓਕਾਰਡਾਈਟਿਸ ਜਾਂ ਪੈਰੀਕਾਰਡਾਈਟਿਸ ਹੋਣ ਦੀ ਤਸ਼ਖੀਸ ਕੀਤੀ ਗਈ ਸੀ
- ਤੁਹਾਡਾ ਕੋਵਿਡ-19 ਤੋਂ ਬਾਅਦ ਮਲਟੀਸਿਸਟਮ ਇਨਫਲੇਮੇਟੋਰੀ ਸਿੰਡਰੋਮ ਦਾ ਇਤਿਹਾਸ ਹ
- ਤੁਹਾਨੂੰ ਕੋਵਿਡ-19 ਦੇ ਲੱਛਣ ਹਨ

ਜੇ ਤੁਹਾਨੂੰ ਨਵੀਂ ਬਿਮਾਰੀ ਹੈ ਜਿਹੜੀ ਤੁਹਾਨੂੰ ਤੁਹਾਡੀਆਂ ਨਿਯਮਿਤ ਗਤੀਵਿਧੀਆਂ ਤੋਂ ਰੋਕ ਰਹੀ ਹੈ, ਤਾਂ ਤੁਹਾਨੂੰ ਠੀਕ ਹੋ ਜਾਣ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ। ਇਹ ਤੁਹਾਨੂੰ ਵੈਕਸੀਨ ਦੇ ਗੌਣ ਪ੍ਰਭਾਵਾਂ ਅਤੇ ਤੁਹਾਡੀ ਬਿਮਾਰੀ ਦੇ ਬਦਤਰ ਹੋਣ ਵਿੱਚ ਫਰਕ ਦੱਸਣ ਵਿੱਚ ਸਹਾਇਤਾ ਕਰੇਗਾ।

## ਕੋਵਿਡ–19 ਕੀ ਹੈ?

ਕੋਵਿਡ–19 ਸਾਹ ਦੇ ਰਸਤਿਆਂ ਅਤੇ ਫੇਫੜਿਆਂ ਦਾ SARS-CoV-2 ਕੋਰੋਨਾਵਾਇਰਸ ਕਰਕੇ ਹੋਣ ਵਾਲਾ ਵਿਗਾੜ ਹੈ। ਕੋਵਿਡ–19 ਦੇ ਲੱਛਣਾਂ ਵਿੱਚ ਖੰਘ, ਸਾਹ ਚੜ੍ਹਨਾ, ਬੁਖਾਰ, ਕੰਬਣੀਆਂ, ਥਕੇਵਾਂ ਅਤੇ ਗੰਧ ਜਾਂ ਸਵਾਦ ਦੀ ਭਾਵਨਾ ਦਾ ਨੁਕਸਾਨ ਸ਼ਾਮਲ ਹੋ ਸਕਦੇ ਹਨ। ਜਦਕਿ ਸੰਭਵ ਹੈ ਕਿ ਕੋਵਿਡ-19 ਵਾਲੇ ਕਈ ਲੋਕਾਂ ਨੂੰ ਕੋਈ ਵੀ ਲੱਛਣ ਨਾ ਹੋਣ ਜਾਂ ਕੇਵਲ ਹਲਕੇ ਲੱਛਣ ਹੋਣ, ਹੋਰਾਂ ਨੂੰ ਹਸਪਤਾਲ ਵਿੱਚ ਦਾਖਲ ਕੀਤੇ ਜਾਣ ਦੀ ਲੋੜ ਹੋ ਸਕਦੀ ਹੈ ਅਤੇ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਗੰਭੀਰ ਬਿਮਾਰੀ ਉਨ੍ਹਾਂ ਲੋਕਾਂ ਵਿੱਚ ਵੱਧ ਆਮ ਹੈ ਜਿਹੜੇ ਵਡੇਰੀ ਉਮਰ ਦੇ ਹਨ ਅਤੇ ਜਿੰਨ੍ਹਾਂ ਨੂੰ ਕੁਝ ਖਾਸ ਚਿਰਕਾਲੀ ਅਵਸਥਾਵਾਂ ਜਿਵੇਂ ਕਿ ਡਾਇਬਟੀਜ਼, ਦਿਲ ਦੀ ਬਿਮਾਰੀ ਜਾਂ ਫੇਫੜਿਆਂ ਦੀ ਬਿਮਾਰੀ ਹਨ। ਕੁਝ ਲੋਕਾਂ ਵਾਸਤੇ ਕੋਵਿਡ-19 ਦੇ ਲੱਛਣ ਕੁਝ ਹਫਤਿਆਂ ਜਾਂ ਉਸ ਤੋਂ ਵੱਧ ਲਈ ਜਾਰੀ ਰਹਿ ਸਕਦੇ ਹਨ। ਕਿਸੇ ਵਿਅਕਤੀ ਦੀ ਸਿਹਤ ਤੇ ਕੋਵਿਡ-19 ਦੇ ਲੰਬੇ-ਸਮੇਂ ਦੇ ਪ੍ਰਭਾਵ ਅਗਿਆਤ ਹਨ।

## ਕੋਵਿਡ–19 ਕਿਵੇਂ ਫੈਲਦਾ ਹੈ?

ਕੋਵਿਡ–19 ਦਾ ਕਾਰਨ ਬਣਨ ਵਾਲਾ ਵਾਇਰਸ ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਖੰਘਣ, ਛਿਕਣ, ਗੱਲ ਕਰਨ ਅਤੇ ਗਾਣਾ ਗਾਣ ਰਾਹੀਂ ਫੈਲਦਾ ਹੈ। ਇਹ ਵਾਇਰਸ ਵਾਲੀ ਕਿਸੇ ਚੀਜ਼ ਜਾਂ ਸਤਹ ਨੂੰ ਛੂਹਣ ਅਤੇ ਫਿਰ ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਛੂਹਣ ਨਾਲ ਵੀ ਫੈਲ ਸਕਦਾ ਹੈ।

ਕੋਵਿਡ–19 ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਬੀਸੀਸੀਡੀਸੀ ਦੇ ਕੋਵਿਡ-19 ਵੈਕਸੀਨ ਸਫੇ www.bccdc.ca/health-info/diseases-conditions/covid-19/covid-19-vaccine 'ਤੇ ਜਾਓ।